ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।

ਈ-ਬਲਾਕ, ਪੰਜਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ,ਫੇਜ਼-8 ਸ.ਅ.ਸ ਨਗਰ।
ਫੋਨ ਨੰ; 0172-5212363/349, ਈ ਮੇਲ: supdtworksdpi@gmail.com

ਵੱਲ

ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿ)
ਪੰਜਾਬ

ਮੀਮੋ ਨੰ : DPI / SE -504250 ,2023/
ਮਿਤੀ : ਸਅਸ ਨਗਰ ,18-05-2023

ਵਿਸ਼ਾ ; - ਪੰਜਾਬ ਰਾਜ ਵਣ ਵਿਕਾਸ ਨਿਗਮ ਲਿਮਟਿਡ ਵੱਲੋਂ ਗੈਰ ਵਣ ਰਕਬਾ ਪ੍ਰੀਦ ਸਬੰਧੀ ।

ਹਵਾਲਾ ; ਸਿੱਖਿਆ -5 ਸ਼ਾਖਾ ਦੇ ਪੱਤਰ ਨੰ; 549202/2023 ਮਿਤੀ 25/04/2023 ਅਤੇ ਸ੍ਰੀ ਵਿਕਾਸ ਗਰਗ, ਆਈ.ਏ.ਐਸ. ਪ੍ਰਮੁੱਖ ਸਕੱਤਰ-ਕਮ-ਵਿੱਤੀ ਕਮਿਸ਼ਨਰ, ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ ਜੀ ਦੇ ਅਰਧ ਸਰਕਾਰੀ ਪੱਤਰ ਨੰ; 35/87/2023-FT2/2199 ਮਿਤੀ 10-04-2023 ਸਬੰਧੀ।

1) ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਹਵਾਲਾ ਅਧੀਨ ਪੱਤਰ ਦੀ ਕਾਪੀ ਭੇਜਕੇ ਲਿੱਖਿਆ ਜਾਂਦਾ ਹੈ ਕਿ ਇਸ ਪੱਤਰ ਅਨੁਸਾਰ ਮੰਗੀ ਗਈ ਸੂਚਨਾ ਆਪਣੇ ਅਧੀਨ ਆਉਂਦੇ ਸਕੂਲਾਂ ਤੋਂ ਪ੍ਰਾਪਤ ਕਰਕੇ ਇਸ ਦਫਤਰ ਨੂੰ ਭੇਜੀ ਜਾਵੇ ਜੀ ਤਾਂ ਜੋ ਇਸ ਕੇਸ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾ ਸਕੇ ।

ਨੱਥੀ ; ਹਵਾਲਾ ਅਧੀਨ ਪੱਤਰਾਂ ਦੀ ਕਾਪੀ

18/5/23

ਸਹਾਇਕ ਡਾਇਰੈਕਟਰ (ਅਸਟੇਟ ਤੇ ਇਨਫਰਾ)

ਪਿੰਠ ਅੰਕਣ ਨੰ; ਮਿਤੀ ਸਅਸ ਨਗਰ

ਉਪਰੋਕਤ ਦਾ ਉਤਾਰਾ ਪੰਜਾਬ ਸਰਕਾਰ ਸਿੱਖਿਆ ਵਿਭਾਗ ਸਿੱਖਿਆ -5 ਸ਼ਾਖਾ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਸਹਾਇਕ ਡਾਇਰੈਕਟਰ (ਅਸਟੇਟ ਤੇ ਇਨਫਰਾ)

3092 22/05/23

2

1238482/2023/RECORD-DPISE

e-mail

ਫਾਈਲ ਨੰ: SED-EDU5019/29/2023-1EDU5/

ਨੰ: I/549292/2023

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ-5 ਸ਼ਾਖਾ)

ਸੇਵਾ ਵਿਖੇ,

ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿੱ) ਵਿਭਾਗ,
ਪੰਜਾਬ ਸਕੂਲ ਸਿੱਖਿਆ ਵਿਭਾਗ, ਫੇਜ-8
ਐਸ.ਏ.ਐਸ. ਨਗਰ (ਮੋਹਾਲੀ)।
ਮਿਤੀ, ਚੰਡੀਗੜ੍ਹ: 25.4.2023

DPI (SE) (Meeting Cell)
25/4/23

ਵਿਸ਼ਾ:- ਪੰਜਾਬ ਰਾਜ ਵਣ ਵਿਕਾਸ ਨਿਗਮ ਲਿਮਟਿਡ ਵਲੋਂ ਗੈਰ ਵਣ ਰਕਬਾ ਖ੍ਰੀਦ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਪ੍ਰਮੁੱਖ ਸਕੱਤਰ-ਕਮ-ਵਿੱਤੀ ਕਮਿਸ਼ਨਰ, ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਵਲੋਂ ਪ੍ਰਾਪਤ ਪੱਤਰ ਅੱਧ ਸਰਕਾਰੀ ਪੱਤਰ ਨੰ: 2199 ਮਿਤੀ 10.4.2023 ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਅਨੁਸਾਰ ਮੰਗੀ ਗਈ ਆਪਣੇ ਦਫਤਰ ਅਤੇ ਆਪਣੇ ਅਧੀਨ ਦਫਤਰਾਂ ਦੀ ਸੂਚਨਾ ਭੇਜਣ ਦੀ ਖੇਚਲ ਕੀਤੀ ਜਾਵੇ।

(DO Letter in original)

ਸੁਪਰਡੰਟ

5019/29/23

1238482/2023/RECORD-DPISE

ਵਿਕਾਸ ਗਰਗ, ਆਈ.ਏ.ਐਸ.

Vikas Garg, I.A.S.

ਪ੍ਰਮੁੱਖ ਸਕੱਤਰ-ਕਮ-ਵਿੱਤੀ ਕਮਿਸ਼ਨਰ

Principal Secretary-cum-Financial Commissioner

ਅ : ਸ: ਪੱ: ਨੰ: 35/01/2023-FT2/21

D.O. No.

ਪੰਜਾਬ ਸਰਕਾਰ

Government of Punjab

ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ

Department of Forests and Wildlife Preservation

ਮਿਤੀ : 10/4/23

Date

PSSE

SSSE

S. Edu-6

19.4.23

ਵਿਸ਼ਾ: ਪੰਜਾਬ ਰਾਜ ਵਣ ਵਿਕਾਸ ਨਿਗਮ ਲਿਮਟਿਡ ਵੱਲੋਂ ਗੈਰ ਵਣ ਰਕਬਾ ਖ੍ਰੀਦ ਸਬੰਧੀ।

ਸਤਿਕਾਰਯੋਗ ਸ਼੍ਰੀਮਤੀ ਜਸਪ੍ਰੀਤ ਤਲਵਾੜ ਜੀ,

ਜਿਵੇਂ ਕਿ ਆਪ ਜਾਣਦੇ ਹੋ ਕਿ ਪੰਜਾਬ ਰਾਜ ਵਿੱਚ ਵਣ ਰਕਬਾ ਦੂਜੇ ਰਾਜਾ ਦੇ ਮੁਕਾਬਲੇ ਬਹੁਤ ਹੀ ਘੱਟ ਹੈ। ਇਸ ਲਈ ਵਣ ਵਿਭਾਗ, ਪੰਜਾਬ ਵੱਲੋਂ ਰਾਜ ਵਿੱਚ ਵਣ ਰਕਬਾ ਵਧਾਉਣ ਲਈ ਨਿਰੰਤਰ ਯਤਨ ਕੀਤੇ ਜਾ ਰਹੇ ਹਨ। ਪੰਜਾਬ ਰਾਜ ਵਿੱਚ ਵਣੀਕਰਣ ਅਤੇ ਹਰਿਆਲੀ ਵਧਾਉਣ ਲਈ ਰਕਬੇ ਦੀ ਉਪਲੱਬਧਤਾ ਕਾਫੀ ਘੱਟ ਹੈ। ਇਸ ਲਈ ਪੰਜਾਬ ਰਾਜ ਵਣ ਵਿਕਾਸ ਨਿਗਮ ਗੈਰ ਵਣ ਰਕਬੇ ਦੀ ਖਰੀਦ ਕਰਕੇ ਵਣ ਵਿਭਾਗ ਨੂੰ ਵਣੀਕਰਣ ਲਈ ਉਪਲੱਧ ਕਰਵਾਉਂਦਾ ਹੈ। ਜ਼ਮੀਨ ਖਰੀਦਣ ਲਈ ਵਣ ਨਿਗਮ ਕੋਲ ਲੋੜੀਂਦੇ ਫੰਡਜ਼ ਉਪਲੱਬਧ ਹਨ।

ਆਪ ਜੀ ਦੇ ਅਧੀਨ ਆਉਂਦੇ ਵਿਭਾਗਾਂ/ਅਦਾਰਿਆ ਕੋਲ ਵਾਧੂ ਜ਼ਮੀਨ ਉਪਲੱਬਧ ਹੋ ਸਕਦੀ ਹੈ ਜੋ ਕਿ ਵਰਤੋਂ ਵਿੱਚ ਨਹੀ ਲਿਆਦੀ ਜਾ ਰਹੀ, ਜਿਸ ਦੀ ਰੱਖ-ਰਖਾਵ ਦੀ ਕੀਮਤ ਵੀ ਸਰਕਾਰ ਨੂੰ ਪੈ ਰਹੀ ਹੈ। ਜੇਕਰ ਸਬੰਧਤ ਵਿਭਾਗ/ਅਦਾਰੇ ਇਸ ਵਾਧੂ ਜ਼ਮੀਨ ਨੂੰ ਵੇਚਣ ਦੇ ਇਛੁੱਕ ਹੋਣ ਤਾਂ ਵਣੀਕਰਣ ਲਈ ਵਣ ਨਿਗਮ ਨੂੰ ਇਹ ਜ਼ਮੀਨ ਵੇਚੀ ਜਾ ਸਕਦੀ ਹੈ। ਇਸ ਜ਼ਮੀਨ ਦਾ ਮੁਲਾਂਕਣ ਰੈਵੀਨਿਊ ਵਿਭਾਗ ਤੋਂ ਕਰਵਾਉਣ ਉਪਰੰਤ ਵਣ ਨਿਗਮ ਵੱਲੋਂ ਖਰੀਦ ਕਰ ਲਈ ਜਾਵੇਗੀ। ਇਸ ਲਈ ਬੇਨਤੀ ਹੈ ਕਿ ਅਜਿਹੀ ਜ਼ਮੀਨ ਦੀ ਡਿਟੇਲ ਵਣ ਨਿਗਮ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।

ਮੈਨੂੰ ਆਸ ਹੈ ਕਿ ਤੁਸੀ ਪੰਜਾਬ ਵਿੱਚ ਹਰਿਆਲੀ ਵਧਾਉਣ ਲਈ ਆਪਣਾ ਪੂਰਣ ਸਹਿਯੋਗ ਦੇਵੋਗੇ ਜੀ।

ਆਦਰ ਸਹਿਤ।

ਹਿੱਤੂ

ਵਿਕਾਸ ਗਰਗ

ਸ਼੍ਰੀਮਤੀ ਜਸਪ੍ਰੀਤ ਤਲਵਾਰ ਆਈ.ਏ.ਐਸ.,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

ਡਾਇਰੀ ਨੰ. 5451
ਮਿਤੀ 13/04/23